## ਭਗਤ ਰਵਿਦਾਸ - ਸਬਦ ੧੨

## ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥

ਰਾਗੁ ਆਸਾ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੪੮੭

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ ॥
ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥੩॥੬॥

ਸਾਰ: ਮਿੱਟੀ ਦੀਆਂ ਬਣੀਆਂ ਕਠਪੁਤਲੀਆਂ ਸਾਨੂੰ ਸਾਡੀ ਦੇਹ ਦੀ ਯਾਦ ਦਿਵਾਉਂਦੀਆਂ ਹਨ, ਜੋ ਕਿ ਅਸਥਾਈ ਤੌਰ 'ਤੇ ਠੋਸ ਭਾਸਦੀ ਹੈ ਪਰ ਅੰਤ ਵਿਚ ਕਮਜ਼ੋਰ ਹੋ ਜਾਂਦੀ ਹੈ। ਇਸ ਕਮਜ਼ੋਰੀ ਦੇ ਬਾਵਜੂਦ, ਅਸੀਂ ਪਛਾਣਾਂ ਇਸ ਤਰ੍ਹਾਂ ਬਣਾਉਂਦੇ ਹਾਂ ਜਿਵੇਂ ਕਿ ਉਹ ਹਮੇਸ਼ਾ ਲਈ ਰਹਿਣਗੀਆਂ, ਆਪਣੇ ਅਸਥਾਈ ਜੀਵਨ ਨੂੰ ਨਜ਼ਰਅੰਦਾਜ਼ ਕਰਦੇ ਹੋਏ ਅਸੀਂ ਰੁਤਬੇ ਅਤੇ ਨਿਯੰਤਰਣ ਵਿਚ ਊਰਜਾ ਨਿਵੇਸ਼ ਕਰਦੇ ਹਾਂ। ਜਿਵੇਂ ਇਕ ਕਠਪੁਤਲੀ ਉਸੇ ਤਰ੍ਹਾਂ ਕਾਰਜ਼ ਕਰਦੀ ਹੈ ਜਿਸ ਤਰ੍ਹਾਂ ਉਸ ਦੀਆਂ ਤਾਰਾਂ ਖਿੱਚਿਆ ਜਾਂਦੀਆਂ ਹਨ, ਬਿਲਕੁਲ ਉਸੇ ਤਰ੍ਹਾਂ ਮਨੁੱਖ ਵੀ ਸਮਾਜਿਕ ਨਿਯਮਾਂ ਅਤੇ ਧਾਰਮਿਕ ਸੰਸਥਾਵਾਂ ਦੁਆਰਾ ਪ੍ਰਭਾਵਿਤ ਆਪਣੀਆਂ ਆਦਤਾਂ, ਇੱਛਾਵਾਂ, ਡਰ ਅਤੇ ਰੰਗਤ ਦੇ ਤਹਿਤ ਜੀਵਨ ਵਿਚ ਵਿਚਰਦਾ ਹੈ। ਅਸੀਂ ਗਲਤੀ ਨਾਲ ਇਹਨਾਂ ਪ੍ਰਤੀਕ੍ਰਿਆਵਾਂ ਦੀ ਤੁਲਨਾ ਅਜ਼ਾਦੀ ਦੇ ਸਮਾਨੰਤਰ ਕਰ ਲੈਂਦੇ ਹਾਂ, ਮਜ਼ਬੂਰਨ ਅਤੇ ਅਸਲ ਜਾਗਰੂਕਤਾ ਵਿਚਲੇ ਅੰਤਰ ਨੂੰ ਨਜ਼ਰਅੰਦਾਜ਼ ਕਰਦੇ ਹਾਂ। ਮਜ਼ਬੂਰਨ ਜਵਾਬਦੇਹੀ ਤੋਂ ਸੁਚੇਤ ਪ੍ਰਤੀਕ੍ਰਿਆਵਾਂ ਵੱਲ ਰੁਪਾਂਤ੍ਰਿਤ ਹੋ, ਅਸੀਂ ਜਾਗਰੂਕਤਾ ਪ੍ਰਾਪਤ ਕਰ ਸਕਦੇ ਹਾਂ ਜੋ ਸੱਚਮੁੱਚ ਸਾਡੀ ਹੋਂਦ ਦੇ ਉਦੇਸ਼ ਨੂੰ ਪਰਿਭਾਸ਼ਿਤ ਕਰਦੀ ਹੈ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥

ਨੀਝ ਨਾਲ ਨਿਹਾਰੋ ਕਿ ਇਹ ਮਿੱਟੀ ਦੀ ਕਠਪੁਤਲੀ ਕਿਵੇਂ ਨੱਚਦੀ ਹੈ। ਇਹ ਭਾਵ ਭੌਤਿਕ ਹੋਂਦ ਦੀ ਨਾਜ਼ੁਕਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਭਰਮਪੂਰਨ ਰੰਗਤ ਦੁਆਰਾ ਆਪਣੇ ਕਰਮਾਂ ਪ੍ਰਤੀ ਤਤਪਰ ਚਿੰਤਨ ਲਈ ਪ੍ਰੇਰਿਤ ਕਰਦਾ ਹੈ।

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥

ਇਹ ਇੱਧਰ-ਉੱਧਰ ਨਿਹਾਰਦਾ, ਧਿਆਨ ਨਾਲ ਸੁਣਦਾ, ਅਕਸਰ ਬੋਲਦਾ, ਨਿਰੰਤਰ ਦੌੜ ਅਤੇ ਗਤੀ ਵਿਚ ਰਹਿੰਦਾ ਹੈ। ਇਹ ਸਾਡੀਆਂ ਇੰਦਰੀਆਂ ਨੂੰ ਦਰਸਾਉਂਦਾ ਹੈ, ਜਦੋਂ ਸਾਡੇ ਅੰਦਰ ਅੰਤਰੀਵੀ ਸ਼ਾਂਤੀ ਦੀ ਘਾਟ ਹੁੰਦੀ ਹੈ, ਜਿਸ ਨਾਲ ਬੇਚੈਨ ਮਨ ਅਤੇ ਸਰੀਰ ਅਨੰਤ ਭਰਮਾਂ ਦੇ ਪਿੱਛੇ ਦੌੜਦਾ ਹੈ। (੧)(ਠਹਿਰਾਉ)

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥

ਜਦੋਂ ਇਹ ਕੋਈ ਭੌਤਿਕ ਵਸਤ ਪ੍ਰਾਪਤ ਕਰ ਲੈਂਦਾ ਹੈ, ਤਾਂ ਇਹ ਹੰਕਾਰੀ ਬਣ ਸਕਦਾ ਹੈ। ਇਹ ਭਾਵ ਹਉਮੈ ਦੀ ਬਾਹਰੀ ਸੰਪਤੀਆਂ ਨਾਲ ਪਛਾਣ ਕਰਨ ਦੀ ਪ੍ਰਵਿਰਤੀ ਨੂੰ ਦਰਸਾਉਂਦਾ ਹੈ, ਜੋ ਜੀਵਨ ਦੀ ਅਸਥਿਰਤਾ ਨੂੰ ਵਿਸਾਰਦੀ ਹੋਈ ਉੱਤਮਤਾ ਦੀ ਝੂਠੀ ਭਾਵਨਾ ਪੈਦਾ ਕਰਦੀ ਹੈ।

ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥

ਜਿਵੇਂ-ਜਿਵੇਂ ਭਰਮ ਘੱਟਦੇ ਜਾਂਦੇ ਹਨ, ਇਹ ਨਿਰਾਸ਼ਾ ਵਿਚ ਰੋਣਾ ਸ਼ੁਰੂ ਕਰ ਦਿੰਦਾ ਹੈ। ਇਹ ਭਾਵ ਮਨ ਦੇ ਅਟੱਲ ਦੁੱਖ ਨੂੰ ਦਰਸਾਉਂਦਾ ਹੈ ਜੋ ਉਦੋਂ ਪੈਦਾ ਹੁੰਦਾ ਹੈ ਜਦੋਂ ਇਸਦਾ ਟਿਕਾਵ ਥੋੜ੍ਹ ਚਿਰੇ ਲਾਭਾਂ ਨਾਲ ਸਬੰਧਿਤ ਹੁੰਦਾ ਹੈ। (੧)

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥

ਇਸਦੇ ਵਿਚਾਰ, ਬੋਲੀ ਅਤੇ ਕਰਮ ਵੱਖ-ਵੱਖ ਸੁੱਖਾਂ ਵੱਲ ਖਿੱਚੇ ਜਾਂਦੇ ਨੇ। ਇਹ ਭਾਵ ਸਾਡੀਆਂ ਇੰਦਰੀਆਂ ਦੇ ਪ੍ਰਭਾਵ 'ਤੇ ਜ਼ੋਰ ਦਿੰਦਾ ਹੈ, ਜਿਸਦੇ ਨਤੀਜੇ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਹੋ ਸਕਦੇ ਹਨ।

ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥

ਜਦੋਂ ਇਹ ਨਾਸ਼ ਹੋ ਜਾਂਦਾ ਹੈ, ਇਹ ਕਿੱਥੇ ਜਾਂਦਾ ਹੈ, ਅਤੇ ਇਹ ਕਿਸ ਵਿਚ ਲੀਨ ਹੋ ਜਾਂਦਾ ਹੈ? ਇਹ ਭਾਵ ਜੀਵਨ ਦੀ ਅਸਥਿਰਤਾ ਅਤੇ ਅਣਪਛਾਤੇ ਲਗਾਵ ਦੇ ਅਸਤਿਤਵ ਬਾਰੇ ਪ੍ਰਸ਼ਨ ਨੂੰ ਉਠਾਉਂਦਾ ਹੈ, ਜੋ ਸਾਨੂੰ ਬੰਨ੍ਹਦੇ ਹਨ। (੨)

ਕਹਿ ਰਵਿਦਾਸ ਬਾਜੀ ਜਗੁ ਭਾਈ ॥

ਰਵਿਦਾਸ ਕਹਿੰਦੇ ਹਨ ਕਿ ਦੁਨੀਆਂ ਮੰਚ ਉਪਰ ਚਲ ਰਹੇ ਨਾਟਕ ਦੇ ਤੁਲ ਹੈ, ਜੋ ਕਿ ਮਨਮੋਹਕ ਹੈ। ਇਹ ਭਾਵ ਸਾਨੂੰ ਆਪਣੇ ਆਲੇ ਦੁਆਲੇ ਦੀ ਕਦਰ ਕਰਨ ਅਤੇ ਹੋਂਦ ਦੀ ਅਸਥਾਈ ਪ੍ਰਕਿਰਤੀ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਦਾ ਹੈ।

ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ ॥੩॥੬॥

ਬਾਜ਼ੀਗਰ ਨਾਲ, ਮੇਰਾ ਪਿਆਰ ਭਰਿਆ ਸੰਬੰਧ ਬਣ ਗਿਆ ਹੈ। ਇਹ ਭਾਵ ਭਰਮਪੂਰਨ ਲਗਾਵਾਂ ਤੋਂ ਪਰਮ ਸਤਾ ਨਾਲ ਜੁੜਨ ਵਾਲੇ ਰੁਪਾਂਤ੍ਰਣ ਨੂੰ ਦਰਸਾਉਂਦਾ ਹੈ, ਵਿਸ਼ਵਵਿਆਪੀ ਜਾਗਰੂਕਤਾ ਜੋ ਦੁਨਿਆਵੀ ਖੇਡ ਨੂੰ ਕਾਇਮ ਰੱਖਦੀ ਹੈ। (੩)(੬)

ਤੱਤ: ਭਗਤ ਰਵਿਦਾਸ ਜੀਵਨ ਬਾਰੇ ਅਜਿਹਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ ਜੋ ਇਸਨੂੰ ਸਾਡੇ ਕੋਲ ਰਹਿਣ ਵਾਲੀ ਸਦੀਵੀ ਵਸਤ ਦੀ ਥਾਂ ਇਸਦੀ ਛਿੰਨ ਭੰਗਰ ਪ੍ਰਕਿਰਤੀ ਤੇ ਜ਼ੋਰ ਦਿੰਦਾ ਹੈ। ਜੀਵਨ ਦੀ ਅਸਥਿਰਤਾ ਨੂੰ ਪਛਾਣ ਕੇ, ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਸਾਡੇ ਲਗਾਵ ਅਨੁਭਵਾਂ ਤੋਂ ਪਿੱਛੇ ਹਟਣ ਨਾਲ ਨਹੀਂ, ਸਗੋਂ ਉਹਨਾਂ ਦੀ ਅਸਥਾਈ ਪ੍ਰਵਿਰਤੀ ਨੂੰ ਸਵੀਕਾਰ ਕਰਨ ਨਾਲ ਘੱਟਣੇ ਸ਼ੁਰੂ ਹੋ ਜਾਂਦੇ ਹਨ। ਇਹ ਪਰਿਵਰਤਨਸ਼ੀਲ ਸੂਝ ਸਾਨੂੰ ਉਦੇਸ਼ ਅਤੇ ਸ਼ਾਂਤੀ ਨਾਲ ਕਾਰਜ਼ ਕਰਨ ਦਾ ਅਧਿਕਾਰ ਦਿੰਦੀ ਹੈ, ਸਾਡੇ ਕਰਮਾਂ ਨੂੰ ਕੁਦਰਤੀ ਤੌਰ 'ਤੇ ਉਦਭਵ ਅਤੇ ਸੁੰਦਰਤਾ ਨਾਲ ਅਲੋਪ ਹੋਣ ਦਿੰਦੀ ਹੈ।

---

ਪਹਿਲਕਦਮੀ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**